RAJIV GANDHI NATIONAL UNIVERSITY OF LAW, PUNJAB
(Established under Punjab Act No. 12 of 2006)
*(Accredited with 'A' Grade by NAAC)*

RGNUL/PRO/2022/94
Date: 09-08-2022

# Two-day Training Programme on Cyber Crime Investigation and Evidencing for NIA Law Officers at RGNUL

## 6-7 August 2022

The Rajiv Gandhi National University of Law, Punjab organized two-day Training Programme on Cyber Crime Investigation and Evidencing. The objective of the programme was to introduce Law Officers of the National Investigation Agency (NIA) to "Cyber Crime Investigation and Evidencing".

Prof. (Dr.) G. S. Bajpai, Vice-Chancellor, RGNUL deliberated on cyber-crime investigation and evidencing in the larger context of criminal justice during the inaugural session. Dr. Pavan Duggal, Advocate, Supreme Court of India, spoke about the scope, implementation and controversies in cyber laws and case laws. In his inaugural address, Dr. Duggal provided an overview of changing nature of cyber laws. The inaugural session ended with a vote of thanks by Prof. (Dr.) Anand Pawar, Registrar, RGNUL.

In the technical sessions Dr. Jagdeep Singh, Assistant Professor at SLIET, Longowal talked about the basics of digital forensics. His practical presentation of the various components of computer networking provided foundational understanding of complex resources such as IP and MAC Address, Domain Name Systems, HTTP, FTP, HTTPS, Gateways, Routers. Dr. Ivneet Walia, Associate Professor, RGNUL spoke about Cyber Crime. She alluded to a wide gamut of pertinent issues ranging from psychology of cyber criminals/ victims and challenges in digitalised world. Mr. Nato Singh, Assistant Director and HOD of Digital Forensic, CFSL Guwahati elaborated on process of communication (accused/suspect over various apps using virtual numbers).

On the second day, Mr. Nisheeth Dixit, Advocate, Supreme Court of India, and Cyber Consultant expanded on various facets of cyber laws and cyber-crimes in India. Mr. Samir Datt, CEO and Founder of Foundation Futuristic Technologies Pvt. Ltd. explained the basics of CDR/IPDR and Tower Dumps. He focussed on the usages of social media for gathering

intelligence and evidence, significance of imaging/hashing/write block in forensics and investigation of cases over voice internet protocols.

Prof. (Dr.) G. S. Bajpai presided over valedictory session. Justice Paramjeet Singh Dhaliwal (Retd.) was the Guest of Honour.

24 participants attended the programme. The programme was coordinated by Prof. (Dr.) Rakesh Mohan Sharma, Advisor, Forensic Division; Dr. Ivneet Walia, Associate Professor of Law; Dr. Siddharth Dahiya, Deputy Registrar and Mr. Ankit Kaushik, Assistant Professor of Law.

# Spokesman

## ਲਾਅ ਯੂਨੀਵਰਸਟੀ ਵਿਖੇ ਐਨ.ਆਈ.ਏ. ਲਾਅ ਅਫ਼ਸਰਾਂ ਦੀ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਵਿਸ਼ੇ 'ਤੇ ਦੋ ਰੋਜ਼ਾ ਟ੍ਰੇਨਿੰਗ



ਪਟਿਆਲਾ, 9 ਅਗੱਸਤ (ਦਇਆ ਸਿੰਘ ਬਲੱਗਣ) : ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵੱਲੋਂ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ ਵਿਸ਼ੇ 'ਤੇ ਐਨ. ਆਈ. ਏ. ਲਾਅ ਅਫ਼ਸਰਾਂ ਦਾ ਦੋ ਦਿਨਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਉਦੇਸ਼ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ. ਆਈ. ਏ.) ਦੇ ਲਾਅ ਅਫ਼ਸਰਾਂ ਨੂੰ 'ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ' ਨਾਲ ਜਾਣੂ ਕਰਵਾਉਣਾ ਸੀ।

ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. (ਡਾ.) ਜੀ.ਐਸ. ਬਾਜਪਾਈ ਨੇ ਉਦਘਾਟਨੀ ਸੈਸ਼ਨ ਦੌਰਾਨ ਸਾਈਬਰ-ਅਪਰਾਧ ਦੀ ਜਾਂਚ ਅਤੇ ਸਬੂਤਾਂ ਬਾਰੇ ਵਿਚਾਰ ਸਾਂਝੇ ਕੀਤੇ। ਐਡਵੋਕੇਟ ਡਾ. ਪਵਨ ਦੁੱਗਲ ਨੇ ਸਾਈਬਰ ਕਾਨੂੰਨਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਇਸ ਦੀਆਂ ਬਾਰੀਕੀਆਂ ਸਬੰਧੀ ਲਾਅ ਅਫ਼ਸਰਾਂ ਨੂੰ ਜਾਣਕਾਰੀ ਦਿੱਤੀ।

ਤਕਨੀਕੀ ਸੈਸ਼ਨ ਦੌਰਾਨ ਸਹਾਇਕ ਪ੍ਰੋਫੈਸਰ ਡਾ. ਜਗਦੀਪ ਸਿੰਘ ਨੇ ਡਿਜੀਟਲ ਫੋਰੈਂਸਿਕ ਸਬੰਧੀ ਵਿਚਾਰ ਦਿੰਦਿਆਂ ਕੰਪਿਊਟਰ ਨੈੱਟਵਰਕਿੰਗ ਸਮੇਤ ਆਈ. ਪੀ. ਤੇ ਮੈਕ ਐਡਰੈੱਸ, ਡੋਮੇਨ ਨੇਮ, ਐਚ. ਟੀ. ਟੀ. ਪੀ., ਐਫ. ਟੀ. ਪੀ., ਗੇਟਵੇਜ਼, ਰਾਊਟਰ ਸਬੰਧੀ ਵਿਸਥਾਰ 'ਚ ਜਾਣਕਾਰੀ ਪ੍ਰਦਾਨ ਕੀਤੀ। ਐਸੋਸੀਏਟ ਪ੍ਰੋਫੈਸਰ ਡਾ. ਇਵਨੀਤ ਵਾਲੀਆ ਨੇ ਡਿਜੀਟਲ ਸੰਸਾਰ ਦੀਆਂ ਚੁਣੌਤੀਆਂ 'ਤੇ ਗੱਲ ਕਰਦਿਆਂ ਸਾਈਬਰ ਅਪਰਾਧੀਆਂ ਅਤੇ ਪੀੜਤਾਂ ਦੀ ਮਨੋਵਿਗਿਆਨਕ ਦਸ਼ਾ 'ਤੇ ਚਰਚਾ ਕੀਤੀ।

ਰੋਜ਼ਾਨਾ ਸਪੋਕਸਮੈਨ
RozanaSpokesman.com

## Punjabi Jagran

ਸਮਾਗਮ | ਐੱਨਆਈਏ ਲਾਅ ਅਫ਼ਸਰਾਂ ਦਾ ਦੋ ਦਿਨਾ ਸਿਖਲਾਈ ਪ੍ਰੋਗਰਾਮ ਕਰਵਾਇਆ

# ਸਾਈਬਰ ਕਾਨੂੰਨ ਸਬੰਧੀ ਸਾਂਝੀ ਕੀਤੀ ਜਾਣਕਾਰੀ

**ਪੱਤਰ ਪ੍ਰੇਰਕ, ਪਟਿਆਲਾ** : ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵੱਲੋਂ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ ਵਿਸ਼ੇ 'ਤੇ ਐੱਨਆਈਏ ਲਾਅ ਅਫ਼ਸਰਾਂ ਦਾ ਦੋ ਦਿਨਾਂ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਉਦੇਸ਼ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਦੇ ਲਾਅ ਅਫ਼ਸਰਾਂ ਨੂੰ 'ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ' ਨਾਲ ਜਾਣੂ ਕਰਵਾਉਣਾ ਸੀ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. (ਡਾ.) ਜੀਐੱਸ ਬਾਜਪਾਈ ਨੇ ਉਦਘਾਟਨੀ ਸੈਸ਼ਨ ਦੌਰਾਨ ਸਾਈਬਰ-ਅਪਰਾਧ ਦੀ ਜਾਂਚ ਅਤੇ ਸਬੂਤਾਂ ਬਾਰੇ ਵਿਚਾਰ ਸਾਂਝੇ ਕੀਤੇ। ਐਡਵੋਕੇਟ ਡਾ. ਪਵਨ ਦੁੱਗਲ ਨੇ ਸਾਈਬਰ ਕਾਨੂੰਨ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਇਸ ਦੀਆਂ ਬਾਰੀਕੀਆਂ ਸਬੰਧੀ ਲਾਅ ਅਫ਼ਸਰਾਂ ਨੂੰ ਜਾਣਕਾਰੀ ਦਿੱਤੀ।

ਤਕਨੀਕੀ ਸੈਸ਼ਨ ਦੌਰਾਨ ਸਹਾਇਕ ਪ੍ਰੋਫੈਸਰ ਡਾ. ਜਗਦੀਪ ਸਿੰਘ ਨੇ ਡਿਜੀਟਲ ਫੋਰੈਂਸਿਕ ਸਬੰਧੀ ਵਿਚਾਰ ਦਿੰਦਿਆਂ ਕੰਪਿਊਟਰ ਨੈੱਟਵਰਕਿੰਗ ਸਮੇਤ ਆਈਪੀ ਤੇ ਮੈਕ ਐਡਰੈੱਸ, ਡੋਮੇਨ ਨੇਮ, ਐਚ.ਟੀ.ਟੀ.ਪੀ., ਐਫ.ਟੀ.ਪੀ., ਗੇਟਵੇਜ਼, ਰਾਊਟਰ ਸਬੰਧੀ ਵਿਸਥਾਰ 'ਚ ਜਾਣਕਾਰੀ ਪ੍ਰਦਾਨ ਕੀਤੀ।



ਸਿਖਲਾਈ ਦੌਰਾਨ ਗਰੁੱਪ ਫੋਟੋ ਕਰਵਾਏ ਜਾਣ ਦਾ ਦ੍ਰਿਸ਼। ਪੰਜਾਬੀ ਜਾਗਰਣ

ਐਸੋਸੀਏਟ ਪ੍ਰੋਫੈਸਰ ਡਾ. ਇਵਨੀਤ ਵਾਲੀਆ ਨੇ ਡਿਜੀਟਲ ਸੰਸਾਰ ਦੀਆਂ ਚੁਣੌਤੀਆਂ 'ਤੇ ਗੱਲ ਕਰਦਿਆਂ ਸਾਈਬਰ ਅਪਰਾਧੀਆਂ ਅਤੇ ਪੀੜਤਾਂ ਦੀ ਮਨੋਵਿਗਿਆਨਕ ਦਸ਼ਾ 'ਤੇ ਚਰਚਾ ਕੀਤੀ। ਸਹਾਇਕ ਨਿਰਦੇਸ਼ਕ ਤੇ ਡਿਜੀਟਲ ਫੋਰੈਂਸਿਕ ਸੀ.ਐਫ.ਐਸ.ਐਲ ਦੇ ਮੁਖੀ ਨੇਟੋ ਸਿੰਘ ਨੇ ਵਰਚੁਅਲ ਨੰਬਰਾਂ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਐਪ 'ਤੇ ਦੋਸ਼ੀ/ਸ਼ੱਕੀ ਦੀ ਪਹਿਚਾਣ ਸਬੰਧੀ ਬਾਰੇ ਦੱਸਿਆ। ਐਡਵੋਕੇਟ ਨਿਸ਼ੀਥ ਦੀਕਸ਼ਿਤ ਨੇ ਭਾਰਤ ਵਿੱਚ ਸਾਈਬਰ ਕਾਨੂੰਨਾਂ ਅਤੇ ਸਾਈਬਰ-ਅਪਰਾਧਾਂ ਦੇ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਫਾਊਂਡੇਸ਼ਨ ਫਿਊਚਰਿਸਟਿਕ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੇ ਸੀ.ਈ.ਓ. ਸਮੀਰ ਦੱਤ ਨੇ ਸੀ.ਡੀ.ਆਰ/ਆਈ.ਪੀ.ਡੀ.ਆਰ ਅਤੇ ਟਾਵਰ ਡੰਪਾਂ ਸਬੰਧੀ ਲਾਅ ਅਫ਼ਸਰਾਂ ਦੇ ਸ਼ੰਕੇ ਦੂਰ ਕੀਤੇ। ਉਨ੍ਹਾਂ ਖੁਫੀਆ ਜਾਣਕਾਰੀ ਅਤੇ ਸਬੂਤ ਇਕੱਠੇ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਵਾਇਸ ਇੰਟਰਨੈਟ ਪ੍ਰੋਟੋਕੋਲ ਉੱਤੇ ਕੇਸਾਂ ਦੀ ਜਾਂਚ 'ਤੇ ਧਿਆਨ ਕੇਂਦਰਿਤ ਕੀਤਾ। ਦੋ ਦਿਨਾਂ ਪ੍ਰੋਗਰਾਮ 'ਚ 24 ਪ੍ਰਤੀਯੋਗੀਆਂ ਨੇ ਭਾਗ ਲਿਆ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. (ਡਾ.) ਆਨੰਦ ਪਵਾਰ, ਪ੍ਰੋ. (ਡਾ.) ਰਾਕੇਸ਼ ਮੋਹਨ ਸ਼ਰਮਾ, ਡਾ. ਇਵਨੀਤ ਵਾਲੀਆ, ਸਿਧਾਰਥ ਦਹੀਆ ਤੇ ਅੰਕਿਤ ਕੌਸ਼ਿਕ ਵਲੋਂ ਕੀਤਾ ਗਿਆ।

**RAJIV GANDHI NATIONAL UNIVERSITY OF LAW, PUNJAB**
(Established under Punjab Act No. 12 of 2006)
*(Accredited with 'A' Grade by NAAC)*

# Jagbani

## ਲਾਅ ਯੂਨੀਵਰਸਿਟੀ ਵਿਖੇ ਐੱਨ. ਆਈ. ਏ. ਲਾਅ ਅਫ਼ਸਰਾਂ ਦੀ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਵਿਸ਼ੇ 'ਤੇ ਹੋਈ ਦੋ ਦਿਨਾ ਟ੍ਰੇਨਿੰਗ


ਦੋ ਦਿਨਾਂ ਟ੍ਰੇਨਿੰਗ ਤੋਂ ਬਾਅਦ ਯਾਦਗਾਰੀ ਫੋਟੋ ਖਿਚਵਾਉਂਦੇ ਯੂਨੀਵਰਸਿਟੀ ਦੇ ਅਧਿਕਾਰੀ। (ਜਿਲ)

ਪਟਿਆਲਾ, 9 ਅਗਸਤ (ਰਾਜੇਸ਼ ਪੰਜੌਲਾ)- ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵੱਲੋਂ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ ਵਿਸ਼ੇ 'ਤੇ ਐੱਨ. ਆਈ. ਏ. ਲਾਅ ਅਫ਼ਸਰਾਂ ਦਾ ਦੋ ਦਿਨਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਦਾ ਉਦੇਸ਼ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ. ਆਈ. ਏ.) ਦੇ ਲਾਅ ਅਫ਼ਸਰਾਂ ਨੂੰ 'ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਐਂਡ ਐਵੀਡੈਂਸਿੰਗ' ਨਾਲ ਜਾਣੂ ਕਰਵਾਉਣਾ ਸੀ।

ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਜੀ. ਐੱਸ. ਵਾਜਪਾਈ ਨੇ ਉਦਘਾਟਨੀ ਸੈਸ਼ਨ ਦੌਰਾਨ ਸਾਈਬਰ-ਅਪਰਾਧ ਦੀ ਜਾਂਚ ਅਤੇ ਸਬੂਤਾਂ ਬਾਰੇ ਵਿਚਾਰ ਸਾਂਝੇ ਕੀਤੇ। ਐਡਵੋਕੇਟ ਡਾ. ਪਵਨ ਦੁੱਗਲ ਨੇ ਸਾਈਬਰ ਕਾਨੂੰਨਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਇਸ ਦੀਆਂ ਬਾਰੀਕੀਆਂ ਸਬੰਧੀ ਲਾਅ ਅਫ਼ਸਰਾਂ ਨੂੰ ਜਾਣਕਾਰੀ ਦਿੱਤੀ।

ਤਕਨੀਕੀ ਸੈਸ਼ਨ ਦੌਰਾਨ ਸਹਾਇਕ ਪ੍ਰੋਫੈਸਰ ਡਾ. ਜਗਦੀਪ ਸਿੰਘ ਨੇ ਡਿਜੀਟਲ ਫੋਰੈਂਸਿਕ ਸਬੰਧੀ ਵਿਚਾਰ ਦਿੰਦਿਆਂ ਕੰਪਿਊਟਰ ਨੈੱਟਵਰਕਿੰਗ ਸਮੇਤ ਆਈ. ਪੀ. ਅਤੇ ਮੈਕ ਐਡਰੈੱਸ, ਡੋਮੇਨ ਨੇਮ, ਐੱਚ. ਟੀ. ਟੀ. ਪੀ., ਐੱਫ. ਟੀ. ਪੀ., ਗੇਟਵੇਜ਼, ਰਾਊਟਰ ਸਬੰਧੀ ਵਿਸਥਾਰ 'ਚ ਜਾਣਕਾਰੀ ਪ੍ਰਦਾਨ ਕੀਤੀ। ਐਸੋਸੀਏਟ ਪ੍ਰੋਫੈਸਰ ਡਾ. ਇਵਨੀਤ ਵਾਲੀਆ ਨੇ ਡਿਜੀਟਲ ਸੰਸਾਰ ਦੀਆਂ ਚੁਣੌਤੀਆਂ 'ਤੇ ਗੱਲ ਕਰਦਿਆਂ ਸਾਈਬਰ ਅਪਰਾਧੀਆਂ ਅਤੇ ਪੀੜਤਾਂ ਦੀ ਮਨੋਵਿਗਿਆਨਕ ਦਸ਼ਾ 'ਤੇ ਚਰਚਾ ਕੀਤੀ। ਸਹਾਇਕ ਨਿਰਦੇਸ਼ਕ ਤੇ ਡਿਜੀਟਲ ਫੋਰੈਂਸਿਕ ਸੀ. ਐੱਫ. ਐੱਸ. ਐੱਲ. ਦੇ ਮੁਖੀ ਨੇਟੋ ਸਿੰਘ ਨੇ ਵਰਚੁਅਲ ਨੰਬਰਾਂ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਐਪ 'ਤੇ ਦੋਸ਼ੀ/ਸ਼ੱਕੀ ਦੀ ਪਛਾਣ ਸਬੰਧੀ ਬਾਰੇ ਦੱਸਿਆ।

ਐਡਵੋਕੇਟ ਨਿਸ਼ੀਥ ਦੀਕਸ਼ਿਤ ਨੇ ਭਾਰਤ 'ਚ ਸਾਈਬਰ ਕਾਨੂੰਨਾਂ ਅਤੇ ਸਾਈਬਰ-ਅਪਰਾਧਾਂ ਦੇ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਫਾਊਂਡੇਸ਼ਨ ਫਿਊਚਰਿਸਟਿਕ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੇ ਸੀ. ਈ. ਓ. ਸਮੀਰ ਦੱਤ ਨੇ ਸੀ. ਡੀ. ਆਰ./ਆਈ. ਪੀ. ਡੀ. ਆਰ. ਅਤੇ ਟਾਵਰ ਡੰਪਾਂ ਸਬੰਧੀ ਲਾਅ ਅਫ਼ਸਰਾਂ ਦੇ ਸ਼ੰਕੇ ਦੂਰ ਕੀਤੇ। ਉਨ੍ਹਾਂ ਖੁਫੀਆ ਜਾਣਕਾਰੀ ਅਤੇ ਸਬੂਤ ਇਕੱਠੇ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਵਾਇਸ ਇੰਟਰਨੈੱਟ ਪ੍ਰੋਟੋਕੋਲ 'ਤੇ ਕੇਸਾਂ ਦੀ ਜਾਂਚ 'ਤੇ ਧਿਆਨ ਕੇਂਦਰਿਤ ਕੀਤਾ। ਦੋ ਦਿਨਾਂ ਪ੍ਰੋਗਰਾਮ 'ਚ 24 ਪ੍ਰਤੀਯੋਗੀਆਂ ਨੇ ਭਾਗ ਲਿਆ। ਪ੍ਰੋਗਰਾਮ ਦਾ ਸੰਚਾਲਨ ਪ੍ਰੋ. (ਡਾ.) ਆਨੰਦ ਪਵਾਰ, ਪ੍ਰੋ. (ਡਾ.) ਰਾਕੇਸ਼ ਮੋਹਨ ਸ਼ਰਮਾ, ਡਾ. ਇਵਨੀਤ ਵਾਲੀਆ, ਸਿਧਾਰਥ ਦਹੀਆ ਅਤੇ ਅੰਕਿਤ ਕੌਸ਼ਿਕ ਵੱਲੋਂ ਕੀਤਾ ਗਿਆ।

ਜਗ ਬਾਣੀ ਈ-ਪੇਪਰ
Wed,10 August 2022
Edition: patiala bani, Page no. 4